**ਵੈੱਬ ਕਾਪੀ**

# ਕੋਵਿਡ–19 ਵੈਕਸੀਨਜ਼ COVID-19 vaccines

ਵੈਨਕੂਵਰ ਕੋਸਟਲ ਹੈਲਥ ਬੀ.ਸੀ. ਸੂਬੇ ਨਾਲ ਮਿਲ ਕੇ ਕੋਵਿਡ–19 ਇਮਿਊਨਾਈਜ਼ੇਸ਼ਨ ਪਲੈਨ (COVID-19 Immunization Plan) ਨੂੰ ਲਾਗੂ ਕਰ ਰਿਹਾ ਹੈ। ਕੋਵਿਡ–19 ਵੈਕਸੀਨੇਸ਼ਨ ਲਈ ਐਪੁਆਂਇੰਟਮੈਂਟ ਦੀ ਰਜਿਸਟ੍ਰੇਸ਼ਨ ਕਿਵੇਂ ਕਰਨੀ ਹੈ ਇਸ ਲਈ ਹੇਠਾਂ ਲਿਖੇ ਨਿਰਦੇਸ਼ ਪੜ੍ਹੋ। ਇਹ ਪੇਜ ਲਗਾਤਾਰ ਪੜ੍ਹਦੇ ਰਹੋ ਕਿਉਂਕਿ ਜਾਣਕਾਰੀ ਜਲਦੀ ਜਲਦੀ ਬਦਲਦੀ ਰਹਿੰਦੀ ਹੈ। ਉਲੱਥਾ ਕੀਤੇ ਸਰੋਤਾਂ ਲਈ ਹੇਠਾਂ ਸਰੋਤਾਂ ਦਾ ਸੈਕਸ਼ਨ (resources section) ਪੜ੍ਹੋ।

## ਬੀ.ਸੀ. ਵਿਚ 2009 ਜਾਂ ਇਸ ਤੋਂ ਪਹਿਲਾਂ (12+) ਪੈਦਾ ਹੋਏ ਹਰ ਇੱਕ ਵਿਅਕਤੀ ਨੂੰ ਕੋਵਿਡ–19 ਵੈਕਸੀਨ ਦੀ ਪਹਿਲੀ ਜਾਂ ਦੂਜੀ ਖ਼ੁਰਾਕ ਲੈਣ ਲਈ ਹੁਣ ਸੂਬੇ ਦੇ ਬੁਕਿੰਗ ਸਿਸਟਮ ਵਿਚ ਰਜਿਸਟਰ ਹੋਣਾ ਚਾਹੀਦਾ ਹੈ।

ਵੈਨਕੂਵਰ ਕੋਸਟਲ ਹੈਲਥ ਨੇ ਹੁਣ ਆਪਣੀਆਂ ਕਈ ਵੈਕਸੀਨ ਕਲੀਨਿਕਾਂ ਵਿਚ ਕੋਵਿਡ–19 ਵੈਕਸੀਨੇਸ਼ਨ ਦੀ ਸਮਰੱਥਾ ਵਿਚ ਵਾਧਾ ਕੀਤਾ ਹੈ ਜਿਸ ਕਰ ਕੇ ਜ਼ਿਆਦਾ ਐਪੁਆਂਇੰਟਮੈਂਟ ਬੁੱਕ ਹੋ ਸਕਦੀਆਂ ਹਨ। ਸਾਡੇ ਕਲੀਨਿਕਾਂ ਵਿਚ ਸਭ ਦਾ ਸਵਾਗਤ ਹੈ ਅਤੇ ਅਸੀਂ ਐਪੁਆਂਇੰਮੈਂਟ ਬੁੱਕ ਰਨ ਲਈ ਆਨ ਲਾਈਨ (register online) ਰਜਿਸਟ੍ਰੇਸ਼ਨ ਦਾ ਸਮਰਥਨ ਕਰਦੇ ਹਾਂ।

## ਪਹਿਲੀ ਖ਼ੁਰਾਕ ਲਈ ਉਸੇ ਦਿਨ ਵੈਕਸੀਨੇਸ਼ਨ ਦੀ ਸੁਵਿਧਾ ਵੀ ਉਪਲਬਧ ਹੈ।

ਵੈਨਕੂਵਰ ਕੋਸਟਲ ਹੈਲਥ ਹੁਣ ਸਾਰੇ ਕੋਵਿਡ–19 ਵੈਕਸੀਨੇਸ਼ਨ ਕਲੀਨਿਕਾਂ ਵਿਚ ਉਸੇ ਦਿਨ ਵੈਕਸੀਨੇਸ਼ਨ ਦੀ ਸੁਵਿਧਾ ਉਪਲਬਧ ਕਰਵਾ ਰਹੀ ਹੈ। ਇਹ ਸੁਵਿਧਾ **ਸਿਰਫ਼ ਪਹਿਲੀ ਖ਼ੁਰਾਕ** ਲਈ ਹੈ। ਆਪਣੇ ਨੇੜੇ ਵਾਲੇ ਕਲੀਨਿਕ ਦਾ ਪਤਾ ਕਰਨ ਲਈ ਕਿਰਪਾ ਕਰ ਕੇ ਇਹ ਵੈੱਬਸਾਈਟ www.vch.ca/vaccine ਦੇਖੋ ਅਤੇ ਇੰਟਰਐਕਟਿਵ ਨਕਸ਼ੇ ਦੀ ਵਰਤੋਂ ਕਰੋ।

ਜਿਨ੍ਹਾਂ ਕੋਲ ਨਿਜੀ ਹੈਲਥ ਨੰਬਰ ਨਹੀਂ ਜਾਂ ਜੋ ਬੀ.ਸੀ. ਦੇ ਨਿਵਾਸੀ ਨਹੀਂ ਉਨ੍ਹਾਂ ਸਭ ਸਮੇਤ ਸਾਡੇ ਕਲੀਨਿਕਾਂ ਵਿਚ ਸਭ ਦਾ ਸਵਾਗਤ ਹੈ। ਜੇ ਕਿਸੇ ਨੂੰ ਜ਼ਰੂਰਤ ਹੋਈ ਤਾਂ ਬੀ.ਸੀ. ਦਾ ਸਟਾਫ਼ ਐਸੇ ਲੋਕਾਂ ਦੀ ਮਦਦ ਲਈ ਇਸ ਰੀਜਨ ਦੇ ਹੋਰ ਕਲੀਨਿਕਾਂ ਵਿਚ ਰਜਿਸਟ੍ਰੇਸ਼ਨ ਅਤੇ ਐਪੁਆਂਇੰਟਮੈਂਟ ਬੁੱਕ ਕਰਨ ਲਈ ਮਦਦ ਲਈ ਉਪਲਬਧ ਹੋਵੇਗਾ ਅਤੇ ਵੈਕਸੀਨ ਸਬੰਧੀ ਸਵਾਲਾਂ ਦੇ ਜਵਾਬ ਵੀ ਦੇਵੇਗਾ।

ਜਿਹੜੇ ਲੋਕ ਦੂਜੀ ਖ਼ੁਰਾਕ ਲਈ ਯੋਗ ਹਨ ਉਹ ਕੋਵਿਡ–19 ਵੈਕਸੀਨੇਸ਼ਨ ਲਈ ਇਸ www.gov.bc.ca/getvaccinated ਵੈੱਬਸਾਈਟ ਤੇ ਰਜਿਸਟ੍ਰੇਸ਼ਨ ਕਰਵਾਉਣ ਤੋਂ ਬਾਅਦ ਸੂਬੇ ਦੀ ਆਨ ਲਾਈਨ ਸੁਵਿਧਾ ਰਾਹੀਂ ਜਾਂ ਕਾਲ ਸੈਂਟਰ ਰਾਹੀਂ ਸਭ ਕਲੀਨਿਕਾਂ ਵਿਚ ਐਪੁਆਂਇੰਟਮੈਂਟ ਉਪਲਬਧ ਹਨ।